GOVERNMENT OF WESTERN AUSTRALIA
Department of **Local Government, Sport and Cultural Industries**
Office of **Multicultural Interests**

Punjabi

# ਵੈਸਟਰਨ ਆਸਟ੍ਰੇਲੀਆ "ਮੈਨੂੰ ਦੋਭਾਸ਼ੀਆ ਕਾਰਡ ਦੀ ਲੋੜ ਹੈ" ਭਾਈਚਾਰੀਆਂ ਲਈ ਜਾਣਕਾਰੀ




ਜੇ ਤੁਹਾਨੂੰ ਅੰਗਰੇਜ਼ੀ ਵਿੱਚ ਗੱਲਬਾਤ ਕਰਨ ਵਿੱਚ ਮੁਸ਼ਕਲ ਆਉਂਦੀ ਹੈ, ਤਾਂ ਇਹ ਕਾਰਡ ਸਰਕਾਰੀ ਸੰਸਥਾਵਾਂ ਨੂੰ ਇਹ ਦੱਸਦਾ ਹੈ ਕਿ ਤੁਹਾਨੂੰ ਦੋਭਾਸ਼ੀਏ ਦੀ ਲੋੜ ਹੈ।

### ਮੈਂ ਕਾਰਡ ਦੀ ਵਰਤੋਂ ਕਿਵੇਂ ਕਰਾਂ?

ਅੰਗਰੇਜ਼ੀ ਵਿੱਚ ਉਸ ਭਾਸ਼ਾ ਦਾ ਨਾਮ ਲਿੱਖੋ ਜਿਹੜੀ ਤੁਸੀਂ ਬੋਲਦੇ ਹੋ ਜਾਂ ਜਿਸਦੀ ਵਰਤੋਂ ਤੁਸੀਂ ਕਾਰਡ ਦੇ ਮੋਹਰਲੇ ਭਾਗ ਵਿੱਚ ਕਰਦੇ ਹੋ। ਜੇ ਤੁਸੀਂ ਇੱਕ ਤੋਂ ਵੱਧ ਭਾਸ਼ਾ ਬੋਲਦੇ ਜਾਂ ਵਰਤਦੇ ਹੋ, ਤਾਂ ਕਾਰਡ ਵਿੱਚ ਦੂਜੀਆਂ ਭਾਸ਼ਾਵਾਂ ਨੂੰ ਸਭ ਤੋਂ ਮਜ਼ਬੂਤ ਤੋਂ ਸਭ ਤੋਂ ਕਮਜ਼ੋਰ ਭਾਸ਼ਾ ਦੇ ਕ੍ਰਮ ਵਿੱਚ ਲਿੱਖੋ। ਜੇ ਜ਼ਰੂਰੀ ਹੋਵੇ ਤਾਂ ਜਿਸ ਵਿਅਕਤੀ ਨੇ ਤੁਹਾਨੂੰ ਕਾਰਡ ਦਿੱਤਾ ਹੈ ਉਸਨੂੰ ਇਸ ਵਿੱਚ ਤੁਹਾਡੀ ਮਦਦ ਕਰਨ ਲਈ ਕਹੋ।
ਜੇ ਸਰਕਾਰੀ ਸੇਵਾ ਦੀ ਵਰਤੋਂ ਕਰਦੇ ਹੋਏ ਤੁਹਾਨੂੰ ਦੋਭਾਸ਼ੀਏ ਤੋਂ ਮਦਦ ਦੀ ਲੋੜ ਹੈ, ਤਾਂ ਸਟਾਫ ਦੇ ਸਦੱਸ ਨੂੰ ਆਪਣਾ ਕਾਰਡ ਵਿਖਾਓ। ਉਹ ਇੱਕ ਅਜਿਹੇ ਦੋਭਾਸ਼ੀਏ ਦਾ ਪ੍ਰਬੰਧ ਕਰਨ ਦੀ ਕੋਸ਼ਿਸ਼ ਕਰਨਗੇ (ਨਿੱਜੀ ਤੌਰ 'ਤੇ ਜਾਂ ਟੈਲੀਫੋਨ ਦੁਆਰਾ) ਜੋ ਤੁਹਾਡੀ ਭਾਸ਼ਾ ਬੋਲਦਾ ਹੈ।

ਜੇ ਤੁਹਾਡੀ ਪਹਿਲੀ ਭਾਸ਼ਾ ਬੋਲਣ ਵਾਲਾ ਦੋਭਾਸ਼ੀਆ ਉਪਲਬਧ ਨਹੀਂ ਹੈ, ਤਾਂ ਸਟਾਫ ਦੇ ਸਦੱਸ ਕਿਸੇ ਅਜਿਹੀ ਦੋਭਾਸ਼ੀਏ ਦੀ ਵਿਵਸਥਾ ਕਰਨ ਦੀ ਕੋਸ਼ਿਸ਼ ਕਰਨਗੇ ਜੋ ਤੁਹਾਡੀ ਦੂਜੀ ਜਾਂ ਤੀਜੀ ਭਾਸ਼ਾ ਬੋਲਦਾ ਹੈ।

### ਦੋਭਾਸ਼ੀਆ ਕਾਰਡ ਕਿਸਨੂੰ ਮਿਲ ਸਕਦਾ ਹੈ?

ਕਿਸੇ ਵੀ ਉਸ ਵਿਅਕਤੀ ਨੂੰ ਕਾਰਡ ਮਿਲ ਸਕਦਾ ਹੈ ਜਿਸਨੂੰ ਸਰਕਾਰੀ ਸੇਵਾਵਾਂ ਦੀ ਵਰਤੋਂ ਕਰਦੇ ਹੋਏ ਅੰਗਰੇਜ਼ੀ ਵਿੱਚ ਗੱਲਬਾਤ ਕਰਨ ਵਿੱਚ ਮਦਦ ਦੀ ਲੋੜ ਹੈ।

### ਕਾਰਡ ਦੀ ਲਾਗਤ ਕੀ ਹੈ?

ਕਾਰਡ ਮੁਫਤ ਹੈ। ਜੇ ਤੁਹਾਡਾ ਕਾਰਡ ਗੁਆਚ ਜਾਂਦਾ ਹੈ, ਤਾਂ ਤੁਸੀਂ ਨਵਾਂ ਕਾਰਡ ਮੁਫਤ ਲੈ ਸਕਦੇ ਹੋ।

### ਮੈਨੂੰ ਕਾਰਡ ਕਿੱਥੋਂ ਮਿਲ ਸਕਦਾ ਹੈ?

ਕਾਰਡ ਮਾਈਗ੍ਰੇਂਟ ਰਿਸੋਰਸ ਕੇਂਦਰਾਂ, ਬਹੁ-ਸਭਿਆਚਾਰਕ ਭਾਈਚਾਰੇ ਦੇ ਸੇਵਾ ਪ੍ਰਦਾਤਾਵਾਂ, ਕੁੱਝ ਸਰਕਾਰੀ ਹਸਪਤਾਲਾਂ,

**ਇਨਟੇਨਸਿਵ ਅੰਗਰੇਜ਼ੀ ਦੇ ਕੇਂਦਰਾਂ ਵਾਲੇ ਸਕੂਲਾਂ, ਕੁੱਝ ਸਥਾਨਕ ਸਰਕਾਰੀ ਅਥਾਰਟੀਆਂ**, WA Deaf Society **ਅਤੇ** Kimberley **ਦੋਭਾਸ਼ੀਆ ਸੇਵਾ ਤੋ ਉਪਲਬਧ ਹਨ।**

### ਮੈਂ ਕਾਰਡ ਦੀ ਵਰਤੋਂ ਕਿੰਨੀ ਦੇਰ ਲਈ ਕਰ ਸਕਦਾ ਹਾਂ?

ਤੁਸੀਂ ਕਾਰਡ ਦੀ ਵਰਤੋਂ ਉੱਨੇ ਚਿਰ ਲਈ ਕਰ ਸਕਦੇ ਹੋ ਜਦੋਂ ਤਕ ਤੁਹਾਨੂੰ ਸਰਕਾਰੀ ਸੇਵਾਵਾਂ ਤਕ ਪਹੁੰਚ ਪ੍ਰਾਪਤ ਕਰਨ ਲਈ ਦੋਭਾਸ਼ੀਏ ਦੀ ਮਦਦ ਦੀ ਲੋੜ ਹੈ। ਇਸਦੀ ਕੋਈ ਸਮਾਪਤੀ ਤਰੀਕ ਨਹੀਂ ਹੈ।

### ਕੀ ਹੋਰ ਲੋਕ ਮੇਰੇ ਕਾਰਡ ਦੀ ਵਰਤੋਂ ਕਰ ਸਕਦੇ ਹਨ?

ਤੁਹਾਡੇ ਪਰਿਵਾਰ ਦੇ ਸਦੱਸਾਂ ਸਮੇਤ ਤੁਹਾਡੀ ਭਾਸ਼ਾ ਬੋਲਣ ਜਾਂ ਇਸਦੀ ਵਰਤੋਂ ਕਰਨ ਵਾਲਾ ਕੋਈ ਵੀ ਵਿਅਕਤੀ ਤੁਹਾਡੇ ਕਾਰਡ ਦੀ ਵਰਤੋਂ ਕਰ ਸਕਦਾ ਹੈ।

### ਜੇ ਮੇਰੇ ਕੋਲ ਕਾਰਡ ਨਹੀਂ ਹੈ ਤਾਂ ਕੀ ਮੈਂ ਦੋਭਾਸ਼ੀਏ ਦੀ ਮੰਗ ਕਰ ਸਕਦਾ ਹਾਂ?

ਹਾਂ। ਜੇ ਤੁਹਾਡੇ ਕੋਲ ਕਾਰਡ ਨਹੀਂ ਹੈ ਤਾਂ ਵੀ ਤੁਸੀਂ ਸਰਕਾਰੀ ਸੰਸਥਾਵਾਂ ਤੋਂ ਦੋਭਾਸ਼ੀਏ ਦੀ ਮੰਗ ਕਰ ਸਕਦੇ ਹੋ।

### ਕੀ ਮੈਨੂੰ ਦੋਭਾਸ਼ੀਏ ਲਈ ਭੁਗਤਾਨ ਕਰਨਾ ਹੋਵੇਗਾ?

ਨਹੀਂ। ਜੇ ਤੁਸੀਂ ਸਰਕਾਰੀ ਸੇਵਾ ਦੀ ਵਰਤੋਂ ਕਰਨ ਦੇ ਯੋਗ ਹੋ, ਤਾਂ ਸੰਸਥਾ ਦੋਭਾਸ਼ੀਏ ਦਾ ਭੁਗਤਾਨ ਕਰੇਗੀ।

### ਕੀ ਮੈਂ ਪੁਰਸ਼ ਜਾਂ ਮਹਿਲਾ ਦੋਭਾਸ਼ੀਏ ਦੀ ਮੰਗ ਕਰ ਸਕਦਾ ਹਾਂ?

ਤੁਸੀਂ ਪੁਰਸ਼ ਜਾਂ ਮਹਿਲਾ ਦੋਭਾਸ਼ੀਏ ਦੀ ਮੰਗ ਕਰ ਸਕਦੇ ਹੋ। ਪਰ, ਹੋ ਸਕਦਾ ਹੈ ਕਿ ਤੁਹਾਡੇ ਬਿਨਤੀ ਪੂਰੀ ਨਾ ਕੀਤੀ ਜਾ ਸਕੇ।

### ਕੀ ਮੈਂ ਪਰਿਵਾਰ ਦੇ ਸਦੱਸ ਜਾਂ ਦੋਸਤ ਨੂੰ ਅਨੁਵਾਦ ਕਰਨ ਲਈ ਕਹਿ ਸਕਦਾ ਹਾਂ?

ਇਸਦਾ ਸੁਝਾਅ ਨਹੀਂ ਦਿੱਤਾ ਜਾਂਦਾ ਹੈ, ਬੁਨਿਆਦੀ ਜਾਣਕਾਰੀ ਦੇ ਪ੍ਰਾਵਧਾਨ ਲਈ ਜਾਂ ਅਸਧਾਰਨ ਹਾਲਾਤਾਂ ਦੇ ਇਲਾਵਾ।

ਪਰਿਵਾਰ ਦੇ ਸਦੱਸ ਜਾਂ ਦੋਸਤ ਭਾਵਨਾਤਾਮਕ ਤੌਰ 'ਤੇ ਜੁੜ੍ਹੇ ਹੋ ਸਕਦੇ ਹਨ ਅਤੇ ਹੋ ਸਕਦਾ ਹੈ ਉਨ੍ਹਾਂ ਕੋਲ ਲੋੜੀਂਦਾ ਹੁਨਰ ਜਾਂ ਨਿਰਪੱਖਤਾ ਦੀ ਕਮੀ ਹੋਵੇ। 18 ਸਾਲ ਤੋਂ ਘੱਟ ਉਮਰ ਦੇ ਕਿਸੇ ਵੀ ਵਿਅਕਤੀ ਨੂੰ ਅਨੁਵਾਦ ਕਰਨ ਲਈ ਨਹੀਂ ਕਿਹਾ ਜਾਣਾ ਚਾਹੀਦਾ ਹੈ।

### ਕੀ ਮੈਨੂੰ ਸੇਵਾ ਨੂੰ ਪਹਿਲਾਂ ਤੋਂ ਇਹ ਦੱਸਣਾ ਚਾਹੀਦਾ ਹੈ ਕਿ ਮੈਨੂੰ ਦੋਭਾਸ਼ੀਏ ਦੀ ਲੋੜ ਪਵੇਗੀ?

ਹਾਂ, ਬਸ਼ਰਤੇ ਕਿ ਇਹ ਐਮਰਜੇਂਸੀ ਹੋਵੇ, ਸਟਾਫ ਨੂੰ ਪਹਿਲਾਂ ਤੋਂ ਦੱਸਣਾ ਸਭ ਤੋਂ ਵਧੀਆ ਰਹਿੰਦਾ ਹੈ ਕਿ ਤੁਹਾਨੂੰ ਦੋਭਾਸ਼ੀਏ ਦੀ ਲੋੜ ਹੈ ਤਾਂ ਜੋ ਉਹ ਲੋੜੀਂਦੇ ਪ੍ਰਬੰਧ ਕਰ ਸਕਨ।

### ਜੇ ਮੈਂ ਸਟਾਫ ਨੂੰ ਪਹਿਲਾਂ ਤੋਂ ਨਹੀਂ ਦੱਸਦਾਂ ਹਾਂ ਕਿ ਮੈਨੂੰ ਦੋਭਾਸ਼ੀਏ ਦੀ ਲੋੜ ਹੈ ਤਾਂ ਕੀ ਹੁੰਦਾ ਹੈ?

ਸਟਾਫ ਤੁਹਾਡੀ ਮਦਦ ਕਰਨ ਲਈ ਆਪਣੀ ਪੂਰੀ ਕੋਸ਼ਿਸ਼ ਕਰਨਗੇ। ਜਿਵੇਂ ਕਿ, ਹੋ ਸਕਦਾ ਹੈ ਕਿ ਉਹ:

- ਟੈਲੀਫੋਨ ਰਾਹੀਂ ਦੋਭਾਸ਼ੀਏ ਦੀ ਵਰਤੋਂ ਕਰਨ, ਜੇ ਆਮ੍ਹਣੇ-ਸਾਮ੍ਹਣੇ ਦੋਭਾਸ਼ੀਆ ਉਪਲਬਧ ਨਾ ਹੋਵੇ
- ਜੇ ਦੋਭਾਸ਼ੀਆ ਉਪਲਬਧ ਨਾ ਹੋਵੇ ਤਾਂ ਤੁਹਾਡੀ ਮੁਲਾਕਾਤ ਲਈ ਇੱਕ ਨਵੇਂ ਸਮੇਂ ਦਾ ਪ੍ਰਬੰਧ ਕਰਨ
- ਤੁਹਾਨੂੰ ਕਿਸੇ ਅਜਿਹੀ ਭਾਸ਼ਾ ਵਿੱਚ ਜਾਣਕਾਰੀ ਦੇਣ ਜਿਹੜੀ ਤੁਸੀਂ ਪੜ੍ਹ ਸਕੋ, ਜੇ ਇਹ ਉਪਲਬਧ ਹੋਵੇ ਤਾਂ, ਜਾਂ
- ਤੁਹਾਡੀ ਭਾਸ਼ਾ ਬੋਲਣ ਵਾਲੇ ਸਟਾਫ ਦੇ ਸਦੱਸ ਦੀ ਵਰਤੋਂ ਕਰਨ, ਜੇ ਕੋਈ ਉਪਲਬਧ ਹੋਵੇ ਤਾਂ, ਤਾਂ ਜੋ ਕੁੱਝ ਬੁਨਿਆਦੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕੇ ਜਿਸਨਾਲ ਕਿ ਦੋਭਾਸ਼ੀਏ ਨਾਲ ਅਪਾਇੰਟਮੇਂਟ ਦੀ ਵਿਵਸਥਾ ਕਰਨ ਵਿੱਚ ਮਦਦ ਮਿਲ ਸਕੇ।

### ਜੇ ਦੋਭਾਸ਼ੀਏ ਲਈ ਮੇਰੀ ਬਿਨਤੀ ਨਾਮੰਜ਼ੂਰ ਹੋ ਜਾਂਦੀ ਹੈ ਤਾਂ ਮੈਂ ਕੀ ਕਰ ਸਕਦਾ ਹਾਂ?

ਕੁੱਝ ਸਥਿਤੀਆਂ ਵਿੱਚ, ਹੋ ਸਕਦਾ ਹੈ ਕਿ ਸੰਸਥਾ ਤੁਹਾਨੂੰ ਦੋਭਾਸ਼ੀਆ ਪ੍ਰਦਾਨ ਨਾ ਕਰੇ ਪਰ ਦੂਜੇ ਤਰੀਕਿਆਂ ਨਾਲ ਤੁਹਾਡੀ ਮਦਦ ਕਰਨ ਦੀ ਕੋਸ਼ਿਸ਼ ਕਰ ਸਕਦੀ ਹੈ (ਜਿਵੇਂ ਕਿ, ਅਜਿਹੀ ਭਾਸ਼ਾ ਵਿੱਚ ਜਾਣਕਾਰੀ ਦੇ ਕੇ ਜਿਹੜੀ ਤੁਸੀਂ ਪੜ੍ਹ ਸਕਦੇ ਹੋ। ਪਰ, ਜੇ ਤੁਸੀਂ ਆਪਣੀ ਭਾਸ਼ਾ ਨਹੀਂ ਪੜ੍ਹ ਸਕਦੇ ਹੋ ਤਾਂ ਕ੍ਰਿਪਾ ਕਰਕੇ ਸੰਸਥਾ ਨੂੰ ਦੱਸੋ)।

ਜੇ ਤੁਸੀਂ ਦੋਭਾਸ਼ੀਏ ਦੀ ਮੰਗ ਕੀਤੀ ਹੈ ਪਰ ਇਹ ਨਾਮੰਜ਼ੂਰ ਹੋ ਗਈ ਹੈ ਤਾਂ ਤੁਸੀਂ ਸੰਸਥਾ ਨੂੰ ਸ਼ਿਕਾਇਤ ਕਰ ਸਕਦੇ ਹੋ।

ਜੇ ਤੁਸੀਂ ਸੰਸਥਾ ਵਲੋਂ ਚੁੱਕੇ ਕਦਮ ਤੋਂ ਸੰਤੁਸ਼ਟ ਨਹੀਂ ਹੋ, ਤਾਂ ਤੁਸੀਂ ਵੈਸਟਰਨ ਆਸਟ੍ਰੇਲੀਆ ਦੇ ਲੋਕਪਾਲ (Western Australian Ombudsman) ਨੂੰ 9220 7555 'ਤੇ ਫੋਨ ਕਰਕੇ ਜਾਂ mail@ombudsman.wa.gov.au 'ਤੇ ਈਮੇਲ ਰਾਹੀਂ ਸੰਪਰਕ ਕਰ ਸਕਦੇ ਹੋ। ਤੁਸੀਂ ਆਪਣੀ ਭਾਸ਼ਾ ਵਿੱਚ ਅਜਿਹਾ ਕਰ ਸਕਦੇ ਹੋ।

## ਮੈਂ ਆਪਣੇ ਦੋਭਾਸ਼ੀਏ ਕਾਰਦ ਡੀ ਵਰਤੋਂ ਕਿੱਥੇ ਕਰ ਸਕਦਾ ਹਾਂ?

ਇਸ ਗੱਲ ਉੱਤੇ ਨਿਰਭਰ ਕਰਦੇ ਹੋਏ ਕਿ ਤੁਸੀਂ ਕਿਸ ਬਾਰੇ ਗੱਲਬਾਤ ਕਰਨਾ ਚਾਹੁੰਦੇ ਹੋ, ਸਰਕਾਰੀ ਸੰਸਥਾਵਾਂ ਲਈ ਇਹ ਲਾਜ਼ਮੀ ਹੈ ਕਿ ਉਹ ਹਰ ਸਮੇਂ ਇਹ ਫੈਸਲਾ ਲੈਣ ਕਿ ਕੀ ਦੋਭਾਸ਼ੀਏ ਦੀ ਵਰਤੋਂ ਕੀਤੀ ਜਾਣੀ ਲੋੜੀਂਦਾ ਹੈ, ਚਾਹੀਦੀ ਹੈ ਜਾਂ ਕੀਤੀ ਜਾ ਸਕਦੀ ਹੈ। ਉਨ੍ਹਾਂ ਲਈ ਅਜਿਹੇ ਹਾਲਾਤਾਂ ਵਿੱਚ ਦੋਭਾਸ਼ੀਏ ਦੀ ਵਰਤੋਂ ਕਰਨਾ ਲੋੜੀਂਦਾ ਹੈ ਜਿੱਥੇ ਤੁਹਾਡੇ ਹੱਕ, ਸਿਹਤ ਅਤੇ ਸੁਰੱਖਿਆ ਨੂੰ ਖਤਰਾ ਹੋਵੇ। ਸਰਕਾਰੀ ਸੰਸਥਾਵਾਂ ਜਿਨ੍ਹਾਂ ਦੀ ਦੋਭਾਸ਼ੀਏ ਦੀ ਵਰਤੋਂ ਕਰਨ ਦੀ ਲੋੜ ਪੈਣ ਦੀ ਸੰਭਾਵਨਾ ਵੱਧ ਹੈ, ਉਨ੍ਹਾਂ ਵਿੱਚ ਸ਼ਾਮਲ ਹਨ:

- ਸਰਕਾਰੀ ਹਸਪਤਾਲ
- ਪੁਲਿਸ ਸਟੇਸ਼ਨ
- ਅਦਾਲਤ ਅਤੇ ਟ੍ਰਿਬਯੂਨਲ
- ਸਰਕਾਰੀ ਸਕੂਲ
- ਪਬਲਿਕ ਹਾਉਸਿੰਗ ਦੇ ਦਫਤਰ
- ਸਥਾਨਕ ਸਰਕਾਰੀ ਦਫਤਰ।

ਤੁਹਾਨੂੰ ਇਹ ਜਾਂਚ ਵੀ ਕਰਨੀ ਚਾਹੀਦੀ ਹੈ ਕਿ ਕੀ ਤੁਹਾਡੇ ਸਬਰਬ ਵਿੱਚ ਕੋਈ ਡਾਕਟਰ ਅਤੇ ਫਾਰਮੇਸੀਆਂ ਹਨ ਜਿਨ੍ਹਾਂ ਨੇ ਸਮਾਜਕ ਸੇਵਾਵਾਂ ਵਿਭਾਗ (Department of Social Services) ਦੁਆਰਾ ਫੰਡ ਪ੍ਰਾਪਤ ਮੁਫਤ ਦੋਭਾਸ਼ੀਆ ਸੇਵਾਵਾਂ ਦੀ ਪੇਸ਼ਕਸ਼ ਕਬੂਲੀ ਹੈ।

ਜੇ ਤੁਸੀਂ ਬੋਲੇ ਹੋ ਜਾਂ ਤੁਹਾਨੂੰ ਘੱਟ ਸੁਣਦਾ ਹੈ, ਤਾਂ ਨੈਸ਼ਨਲ ਔਸਲਨ ਬੁਕਿੰਗ ਅਤੇ ਪੇਮੈਂਟ ਸੇਵਾ (NABS) ਦੁਆਰਾ ਗੈਰ-ਸਰਕਾਰੀ ਮੈਡੀਕਲ ਅਪਾਇੰਟਮੈਂਟਾਂ ਲਈ ਔਸਲਨ ਦੋਭਾਸ਼ੀਏ ਤੁਹਾਡੇ ਲਈ ਮੁਫਤ ਉਪਲਬਧ ਕਰਾਏ ਜਾਂਦੇ ਹਨ। NABS ਨਾਲ ਉਨ੍ਹਾਂ ਦੀ ਵੈੱਬਸਾਈਟ www.nabs.org.au ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਮੈਂ ਆਪਣੇ ਦੋਭਾਸ਼ੀਏ ਕਾਰਡ ਦੀ ਵਰਤੋਂ ਕਿੱਥੇ ਨਹੀਂ ਕਰ ਸਕਦਾ ਹਾਂ?

ਕਈ ਵਪਾਰ ਅਤੇ ਵਪਾਰਕ ਸੇਵਾਵਾਂ ਦੋਭਾਸ਼ੀਆ ਉਪਲਬਧ ਨਹੀਂ ਕਰਾਉਣਗੀਆਂ।

ਹੋ ਸਕਦਾ ਹੈ ਗੈਰ-ਸਰਕਾਰੀ ਹਸਪਤਾਲ ਅਤੇ ਕਲੀਨਿਕਾਂ, ਗੈਰ-ਸਰਕਾਰੀ ਕਾਨੂੰਨੀ ਸੇਵਾਵਾਂ ਅਤੇ ਗੈਰ-ਸਰਕਾਰੀ ਯਾਤਾਯਾਤ ਕੰਪਨੀਆਂ ਦੋਭਾਸ਼ੀਏ ਦਾ ਪ੍ਰਬੰਧ ਕਰਨ ਦੇ ਇੱਛੁਕ ਹੋਣ, ਪਰ ਉਹ ਤੁਹਾਨੂੰ ਦੋਭਾਸ਼ੀਏ ਦੀ ਵਰਤੋਂ ਕਰਨ ਲਈ ਭੁਗਤਾਨ ਕਰਨ ਲਈ ਕਹਿ ਸਕਦੀਆਂ ਹਨ।

ਜੇ ਤੁਸੀਂ ਬੋਲੇ ਹੋ ਜਾਂ ਤੁਹਾਨੂੰ ਘੱਟ ਸੁਣਦਾ ਹੈ, ਤਾਂ ਗੈਰ-ਸਰਕਾਰੀ ਸਿੱਖਿਆ ਪ੍ਰਦਾਤਾਵਾਂ ਲਈ ਇਹ ਜ਼ਰੂਰੀ ਹੈ ਕਿ ਉਹ *ਅਪਾਹਜਤਾ ਪੱਖਪਾਤ ਅਧਿਨਿਯਮ (ਸਿੱਖਿਆ ਮਾਨਕ) Disability Discrimination Act (Education Standards)* ਅਧੀਨ ਤੁਹਾਨੂੰ ਦੋਭਾਸ਼ੀਆ ਉਪਲਬਧ ਕਰਾਉਣ।

**ਇਹ ਕਿਤਾਬਚੇ ਦੇ ਕਈ ਭਾਸ਼ਾਵਾਂ ਵਿੱਚ ਅਨੁਵਾਦ, ਅਤੇ ਵੈਸਟਰਨ ਆਸਟ੍ਰੇਲੀਆ ਦੀ ਭਾਸ਼ਾ ਸੇਵਾਵਾਂ ਨੀਤੀ ਬਾਰੇ ਜਾਣਕਾਰੀ ਦਿ ਆਫਿਸ ਆਫ ਮਲਟੀਕਲਚਰਲ ਇਨਟਰਸਟਸ** (OMI) **ਦੀ ਵੈੱਬਸਾਈਟ** www.omi.wa.gov.au **ਉੱਤੇ ਉਪਲਬਧ ਹੈ। ਵਧੇਰੀ ਜਾਣਕਾਰੀ ਲਈ, ਕ੍ਰਿਪਾ ਕਰਕੇ** OMI **ਨੂੰ** 6552 7300 '**ਤੇ ਫੋਨ ਕਰਕੇ ਜਾਂ** harmony@omi.wa.gov.au '**ਤੇ ਈਮੇਲ ਕਰਕੇ**

ਪ੍ਰਵਾਨਗੀਆਂ: ਦਿ ਆਫਿਸ ਆਫ ਮਲਟੀਕਲਚਰਲ ਇਨਟਰਸਟਸ ਵੈਸਟਰਨ ਆਸਟ੍ਰੇਲੀਆ ਵਿੱਚ ਵਰਤੋਂ ਕੀਤੇ ਜਾਣ ਲਈ ਵਿਕਟੋਰੀਅਨ ਦੋਭਾਸ਼ੀਏ ਕਾਰਡ ਦੀ ਸੋਧ ਕੀਤੇ ਜਾਣ ਦੀ ਮਨਜ਼ੂਰੀ ਦੇਣ ਲਈ ਵਿਕਟੋਰੀਅਨ ਮਲਟੀਕਲਚਰਲ ਕਮੀਸ਼ਨ ਦਾ ਧੰਨਵਾਦ ਕਰਦੇ ਹਨ।